# ਆਈਸ ਗ੍ਰਿਫ਼ਤਾਰੀ ਸੰਬੰਧੀ ਭਾਈਚਾਰੇ ਦੀ ਜਵਾਬੀ ਕਾਰਵਾਈ: ਕਦਮ-ਦਰ-ਕਦਮ ਮਾਰਗ-ਦਰਸ਼ਨ

ਯੂਜੀਨ ਨੈਮ, ਚੀਫ਼ ਕਾਊਂਸਲ , ਇੰਟਰਫੇਥ ਸੈਂਟਰ ਆਵ ਨਿਊਯਾਰਕ
ਸਿੱਖ ਕੋਲੀਸ਼ਨ ਵਲੋਂ ਅਨੁਵਾਦਿਤ
ਅਪ੍ਰੈਲ 2026

ਆਈਸ ਵਲੋਂ ਭਾਈਚਾਰੇ ਦੇ ਮੈਂਬਰਾਂ ਦੀਆਂ ਕੀਤੀਆਂ ਗ੍ਰਿਫ਼ਤਾਰੀਆਂ ਅਤੇ ਹਿਰਾਸਤ ਵਿੱਚ ਲਏ ਜਾਣ ਦੀਆਂ ਕਾਰਵਾਈਆਂ ਮੌਕੇ ਦੋਸਤਾਂ, ਪਰਿਵਾਰਾਂ ਅਤੇ ਧਾਰਮਕ ਆਗੂਆਂ ਵੱਲੋਂ ਜਵਾਬੀ ਕਾਰਵਾਈ ਕਰਨਾ ਇਸ ਵੇਲੇ ਅਣਸਰਦੀ ਲੋੜ ਬਣ ਚੁੱਕਾ ਹੈ। ਪੱਕੇ ਵਸਨੀਕਾਂ (ਜਿਨ੍ਹਾਂ ਕੋਲ ਪੱਕੇ ਦਸਤਾਵੇਜ਼ ਹੋਣ) ਅਤੇ ਅੰਗਰੇਜ਼ੀ ਬੋਲਣ ਵਾਲੇ ਸਾਥੀਆਂ (ਜਿਵੇਂ ਬਹੁਤ ਸਾਰੇ ਪਾਦਰੀਆਂ ਵਰਗੇ ਧਾਰਮਕ ਪ੍ਰਚਾਰਕ) ਅਕਸਰ ਸਾਥ ਦੇਣ ਵਿੱਚ ਵੱਡੀ ਭੂਮਿਕਾ ਨਿਭਾਉਂਦੇ ਹਨ।

ਵਕੀਲਾਂ ਨਾਲ ਸੰਪਰਕ ਕਰਨ ਵਾਂਗ ਹੀ ਧਾਰਮਕ ਪ੍ਰਚਾਰਕਾਂ ਨਾਲ ਸੰਪਰਕ ਅਤੇ ਧਾਰਮਿਕ ਸੇਵਾਵਾਂ ਹਾਸਲ ਕਰਨਾ ਕਾਨੂੰਨੀ ਹੱਕ ਵੱਜੋਂ ਦਰਜ ਹੋਣ ਕਰਕੇ ਸਰਗਰਮ ਧਾਰਮਿਕ ਆਗੂਆਂ ਵਾਸਤੇ ਹਿਰਾਸਤ ਵਿੱਚ ਲਏ ਪ੍ਰਵਾਸੀਆਂ ਦੀ ਸੇਵਾ ਕਰਨ ਵਾਲੀਆਂ ਧਾਰਮਿਕ ਸੰਸਥਾਵਾਂ ਵਿੱਚ ਕੰਮ ਕਰਨਾ ਜਾਂ ਸੇਵਾ ਨਿਭਾਉਣਾ ਖ਼ਾਸ ਤੌਰ ’ਤੇ ਬਹੁਤ ਮੁੱਲਵਾਨ ਹੋ ਜਾਂਦਾ ਹੈ ਕਿਉਂਕਿ ਹੋ ਸਕਦਾ ਹੈ ਕਿ ਹਿਰਾਸਤ ਵਿੱਚ ਲਏ ਵਿਅਕਤੀਆਂ ਕੋਲ ਰਿਹਾਈ ਲਈ ਲੋੜੀਂਦੀ ਸਹਾਇਤਾ ਜਾਂ ਜਾਣਕਾਰੀ ਹਾਸਲ ਕਰਨ ਦਾ ਉਨ੍ਹਾਂ ਧਾਰਮਿਕ ਪ੍ਰਚਾਰਕਾਂ ਤੋਂ ਇਲਾਵਾ ਸ਼ਾਇਦ ਹੋਰ ਕੋਈ ਜ਼ਰੀਆ ਹੀ ਨਾ ਹੋਵੇ।

ਇਹ ਦਸਤਾਵੇਜ਼ ਧਾਰਮਿਕ ਆਗੂਆਂ ਨੂੰ ਉਨ੍ਹਾਂ ਕੁੱਝ ਪ੍ਰਮੁੱਖ ਕਦਮਾਂ ਦੀ ਜਾਣਕਾਰੀ ਦਿੰਦਾ ਹੈ ਜਿਹੜੇ ਆਪਣੇ ਭਾਈਚਾਰੇ ਦੇ ਪ੍ਰਵਾਸੀਆਂ ਨੂੰ ਹਿਰਾਸਤ ਦੌਰਾਨ ਸਹਿਯੋਗ ਕਰਦੇ ਹਨ, ਜਿਸ ਵਿੱਚ ਹਿਰਾਸਤ ਵਿੱਚ ਲਏ ਮੈਂਬਰ ਨੂੰ ਲੱਭਣਾ, ਸਹਾਇਤਾ ਲਈ ਤਾਲਮੇਲ ਕਰਨਾ ਅਤੇ ਜ਼ਮਾਨਤ, ਪੈਰੋਲ ਜਾਂ ਹੈਬੀਅਸ ਕੋਰਪਸ ਵਰਗੇ ਤਰੀਕਿਆਂ ਰਾਹੀਂ ਰਿਹਾਈ ਦੀ ਅਰਜ਼ੀ ਦੇਣ ਵਿੱਚ ਸਹਾਇਤਾ ਕਰਨਾ ਸ਼ਾਮਲ ਹੈ।

ਅੱਗੇ ਦਿੱਤੇ ਵਿਸ਼ਿਆਂ ਬਾਰੇ ਕਦਮ-ਦਰ-ਕਦਮ ਜਾਣਕਾਰੀਆਂ ਅਤੇ ਵਧੇਰੇ ਜਾਣਕਾਰੀ ਲਈ ਦਿੱਤੇ ਗਏ ਲਿੰਕ ਕਿਰਪਾ ਕਰਕੇ ਹੇਠਾਂ ਦੇਖੋ:

1. **ਹਿਰਾਸਤ ਵਿੱਚ ਲਿਆ ਗਿਆ ਮੈਂਬਰ ਕਿੱਥੇ ਹੈ, ਉਹ ਸਥਾਨ ਲੱਭਣਾ** (ਪੰਨਾ 2)
2. **ਕਾਨੂੰਨੀ ਪ੍ਰਤਿਨਿਧੀ ਹਾਸਲ ਕਰਨ ਲਈ ਸਹਾਇਤਾ** (ਪੰਨਾ 3)
3. **ਖ਼ਰਚੇ ਦੀ ਪੂਰਤੀ ਲਈ ਭਾਈਚਾਰੇ ਤੋਂ ਚੰਦਾ ਜੁਟਾਉਣਾ ਅਰੰਭ ਕਰਨ ਦੀ ਪ੍ਰਕਿਰਿਆ** (ਪੰਨਾ


4)
4. **ਜ਼ਮਾਨਤ ਦੀ ਅਰਜ਼ੀ ਵਿੱਚ ਸਹਾਇਤਾ** (ਪੰਨਾ 4)
5. **ਹੈਬੀਅਸ ਕੋਰਪਸ ਰਾਹੀਂ ਰਿਹਾਈ ਦੀ ਸੰਭਾਵਨਾ ਤਲਾਸ਼ਣਾ** (ਪੰਨਾ 5)
6. **ਮਾਨਵਤਾ ਦੇ ਆਧਾਰ ਉੱਤੇ ਪੈਰੋਲ ਮੰਗਣਾ** (ਪੰਨਾ 6)
7. **ਮੁਲਾਕਾਤਾਂ ਦਾ ਪ੍ਰਬੰਧ ਕਰਨਾ** (ਪੰਨਾ 6)
8. **ਹਿਰਾਸਤੀ ਦੇ ਕੌਮਿਸਰੀ ਖ਼ਾਤੇ ਵਿੱਚ ਪੈਸੇ ਜਮ੍ਹਾਂ ਕਰਵਾਉਣੇ** (ਪੰਨਾ 7)

ਇਹ ਲੇਖ ਆਈਸ ਵੱਲੋਂ ਗ੍ਰਿਫ਼ਤਾਰ ਕੀਤੇ ਜਾ ਸਕਣ ਦੇ ਖ਼ਤਰੇ ਵਾਲੇ ਸੰਭਾਵਤ ਮੈਂਬਰਾਂ ਦੀ ਸਹਾਇਤਾ ਲਈ ਭਾਈਚਾਰੇ ਵੱਲੋਂ ਕੀਤੀ ਜਾਣ ਵਾਲੀ **ਅਗਾਊਂ ਤਿਆਰੀ** (ਪੰਨਾ 8) ਬਾਰੇ ਵੀ ਜਾਣਕਾਰੀ ਦਿੰਦਾ ਹੈ।

*ਪ੍ਰਵਾਸੀਆਂ ਲਈ ਪਨਾਹਗਾਹ ਬਣਨ ਦੀ ਤਾਂਘ ਰੱਖਣ ਵਾਲੇ ਧਾਰਮਿਕ ਭਾਈਚਾਰਿਆਂ ਲਈ ਤਿਆਰ ਕੀਤੇ ਗਏ ਦਿਸ਼ਾ-ਨਿਰਦੇਸ਼ਾਂ ਦੇ ਵੱਡੇ ਦਸਤਾਵੇਜ਼ ਦਾ ਇਹ ਇਕ ਸੰਖੇਪ ਹਿੱਸਾ ਹੈ। ਆਈਸ ਦੀ ਛਾਪੇਮਾਰੀ ਦੇ ਖ਼ਤਰੇ ਨੂੰ ਘਟਾਉਣ ਵਾਲੇ ਢੰਗ-ਤਰੀਕਿਆਂ ਦੇ ਰੂਪ ਵਿੱਚ ਧਾਂਰਮਕ ਇਕੱਠ ਵਾਲੀਆਂ ਥਾਵਾਂ ਦਾ ਪ੍ਰਬੰਧ ਕਿਵੇਂ ਕਰਨਾ ਹੈ ਅਤੇ ਧਾਰਮਿਕ ਤੇ ਸਮਾਜਿਕ ਸੇਵਾਵਾਂ ਕਿਵੇਂ ਪ੍ਰਦਾਨ ਕਰਨੀਆਂ ਹਨ ਜਾਂ ਇਮੀਗ੍ਰੇਸ਼ਨ ਦੇ ਕਾਨੂੰਨ ਲਾਗੂ ਕਰਵਾਉਣ ਵਾਲੀਆਂ ਹੋਰ ਕਾਰਵਾਈਆਂ ਦੇ ਨਾਲ-ਨਾਲ ਭਾਈਚਾਰਿਆਂ ਨੂੰ ਆਈਸ ਤੋਂ ਸੁਰੱਖਿਅਤ ਰੱਖਣ ਵਾਲੀਆਂ ਨੀਤੀਆਂ ਦੀ ਵਕਾਲਤ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਕਿਵੇਂ ਕਰਨੀ ਹੈ, ਇਨ੍ਹਾਂ ਸੰਬੰਧਤ ਮਸਲਿਆਂ ਬਾਰੇ ਜਾਣਕਾਰੀ ਹਾਸਲ ਕਰਨ ਲਈ ਦਿਸ਼ਾ-ਨਿਰਦੇਸ਼ਾਂ ਵਾਲਾ ਪੂਰਾ ਦਸਤਾਵੇਜ਼ ਵੇਖ ਸਕਦੇ ਹੋ।*

## 1. ਆਈਸ ਡਿਟੇਨੀ ਲੋਕੇਟਰ ਦੀ ਵਰਤੋਂ ਕਰਕੇ ਹਿਰਾਸਤ ਵਿੱਚ ਲਏ ਵਿਅਕਤੀ ਨੂੰ ਲੱਭੋ

ਆਈਸ ਇੱਕ ਵੈਬਸਾਈਟ ਚਲਾਉਂਦੀ ਹੈ ਜਿਸ ਰਾਹੀਂ ਤੁਸੀਂ ਹਿਰਾਸਤ ਵਿੱਚ ਲਿਆ ਗਏ ਵਿਅਕਤੀ ਨੂੰ ਕਿੱਥੇ ਰੱਖਿਆ ਗਿਆ ਹੈ, ਉਸ ਸਥਾਨ ਨੂੰ ਲੱਭ ਸਕਦੇ ਹੋ। ਇਹ ਜਾਣਕਾਰੀ ਹਿਰਾਸਤ ਵਿੱਚ ਲਏ ਵਿਅਕਤੀ ਦੇ ਏ-ਨੰਬਰ ਜਾਂ ਬਾਇਓਗ੍ਰਾਫ਼ਿਕਲ ਜਾਣਕਾਰੀ ਰਾਹੀਂ ਹਾਸਲ ਕੀਤੀ ਜਾ ਸਕਦੀ ਹੈ।



### Search by A-Number

If you know the detainee's A-Number, ICE recommends you use the A-Number search. The A-Number must be exactly nine digits long. If the A-Number has fewer than nine digits, please add zeros at the beginning. You are also required to select the detainee's correct Country of Birth. (* Required Field)

A-Number: *

A-Number

Country of Birth: *

-- Select a Country --

Search by A-Number

### Search by Biographical Information

When searching by name, a detainee's first and last names are required and must be an exact match (e.g., John Doe will not find Jon Doe or John Doe-Smith). When inputting a hyphenated last name into the Online Detainee Locator System, please include hyphen in order for the locator to find the individual (e.g., Doe-Smith). You are also required to select the detainee's Country of Birth. (* Required Field)

First Name: *

Last Name: *

Country of Birth: *

-- Select a Country --

Month: Day: Year:

Search by Biographical Information

ਇਕ ਵਾਰ ਤੁਹਾਨੂੰ ਹਿਰਾਸਤ ਵਿੱਚ ਲਏ ਵਿਅਕਤੀ ਦੀ ਜਗ੍ਹਾ ਲੱਭ ਜਾਂਦੀ ਹੈ ਤਾਂ ਤੁਸੀਂ ਆਈਸ ਫੈਸਿਲਿਟੀਜ਼ ਡਾਇਰੈਕਟਰੀ ਵਿੱਚ ਹਿਰਾਸਤ ਕੇਂਦਰ (ਡਿਟੈਂਸ਼ਨ ਸੈਂਟਰ) ਦਾ ਪਤਾ ਲੱਭ ਸਕਦੇ ਹੋ। ਹਰ ਕੇਂਦਰ ਦੇ ਪੰਨੇ ਉੱਤੇ ਵਕੀਲਾਂ, ਧਾਰਮਿਕ ਆਗੂਆਂ ਅਤੇ ਹੋਰ ਮੁਲਾਕਾਤੀਆਂ ਦੀ ਮੁਲਾਕਾਤ ਸੰਬੰਧੀ ਨਿਯਮ ਹੋਣੇ ਚਾਹੀਦੇ ਹਨ। ਨਾਲ ਹੀ ਇਹ ਜਾਣਕਾਰੀ ਵੀ ਹੋਣੀ ਚਾਹੀਦੀ ਹੈ ਕਿ ਹਿਰਾਸਤ ਵਿੱਚ ਲਏ ਵਿਅਕਤੀ ਨੂੰ ਸੁਨੇਹੇ, ਪੋਸਟ ਬੌਂਡਜ਼ ਕਿਵੇਂ ਭੇਜਣੇ ਹਨ ਜਾਂ ਉਸ ਦੇ ਕੌਮਿਸਰੀ ਖ਼ਾਤਿਆਂ ਵਿੱਚ ਪੈਸੇ ਕਿਵੇਂ ਜਮ੍ਹਾਂ ਕਰਵਾਉਣੇ ਹਨ।

(ਆਈਸ ਹਿਰਾਸਤੀ ਕੇਂਦਰਾਂ ਦੇ ਮੁਲਾਕਾਤ ਦੇ ਨਿਯਮ ਕੁੱਝ ਹੱਦ ਤੱਕ ਵੱਖੋ-ਵੱਖਰੇ ਹਨ ਕਿਉਂਕਿ ਜ਼ਿਆਦਾਤਰ ਕੇਂਦਰਾਂ ਦਾ ਪ੍ਰਬੰਧ ਮੁਨਾਫ਼ੇ ਵਾਲੀਆਂ ਨਿੱਜੀ ਜੇਲ੍ਹ ਕੰਪਨੀਆਂ ਵੱਲੋਂ ਚਲਾਏ ਜਾ ਰਹੇ ਹਨ। ਇਨ੍ਹਾਂ ਬਾਰੇ ਵਧੇਰੇ ਜਾਣਕਾਰੀ ਅਗਲੇ ਕਿਸੇ ਦਸਤਾਵੇਜ਼ ਵਿੱਚ ਦਿੱਤੀ ਜਾਵੇਗੀ।)

## 2. ਕਾਨੂੰਨੀ ਪੱਖ ਪੇਸ਼ ਕਰਨ ਵਾਲੇ (ਵਕੀਲ) ਦਾ ਪ੍ਰਬੰਧ ਕਰਨਾ

ਆਮ ਤੌਰ ’ਤੇ, ਭਾਈਚਾਰੇ ਕੋਲ ਅਜਿਹੇ ਵਕੀਲਾਂ ਦਾ ਪ੍ਰਬੰਧ ਹੋਵੇਗਾ ਜੋ ਜਾਂ ਤਾਂ ਹਿਰਾਸਤ ਵਿੱਚ ਲਏ ਵਿਅਕਤੀ ਦੀ ਸਿੱਧੀ ਸਹਾਇਤਾ ਕਰ ਸਕਦੇ ਹੋਣਗੇ ਜਾਂ ਕਿਸੇ ਹੋਰ ਵਕੀਲ ਦੇ ਨਾਮ ਦੀ ਸਿਫ਼ਾਰਸ਼ ਕਰ ਸਕਦੇ ਹੋਣਗੇ।

ਹਾਲਾਂਕਿ, ਜਿਸ ਇਲਾਕੇ ਵਿੱਚ ਹਿਰਾਸਤ ਵਿੱਚ ਲਿਆ ਵਿਅਕਤੀ ਹੋਵੇ ਉਸੇ ਇਲਾਕੇ ਵਿੱਚ ਵਕੀਲਾਂ ਦੀਆਂ ਸੇਵਾਵਾਂ ਲੱਭਣਾ ਚੁਣੌਤੀ ਭਰਿਆ ਹੋ ਸਕਦਾ ਹੈ ਕਿਉਂਕਿ ਆਈਸ ਹਿਰਾਸਤ ਕੇਂਦਰ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਸਥਿਤ ਹੋ ਸਕਦੇ ਹਨ। ‘ਇਮੀਗ੍ਰੇਸ਼ਨ ਐਡਵੋਕੇਟਸ ਨੈੱਟਵਰਕ’

ਇੱਕ ਡਾਇਰੈਕਟਰੀ ਚਲਾਉਂਦਾ ਹੈ ਜਿਸ ਰਾਹੀਂ ਲੋਕ ਉਨ੍ਹਾਂ ਕਾਨੂੰਨੀ ਸੇਵਾ ਪ੍ਰਦਾਨ ਕਰਨ ਵਾਲਿਆਂ ਨੂੰ ਲੱਭ ਸਕਦੇ ਹਨ, ਜਿਹੜੇ ਖ਼ਾਸ ਕਿਸਮ ਦੀਆਂ ਸਹੂਲਤਾਂ ਦਿੰਦੇ ਹਨ।




ਮੁਫ਼ਤ ਸੇਵਾਵਾਂ ਦੇਣ ਵਾਲੇ ਕਈ ਇਮੀਗ੍ਰੇਸ਼ਨ ਵਕੀਲਾਂ ਕੋਲ ਇਸ ਵੇਲੇ ਕੇਸਾਂ ਦੀ ਭਰਮਾਰ ਹੈ ਜਿਸ ਦਾ ਅਰਥ ਹੈ ਕਿ ਪ੍ਰਵਾਸੀਆਂ ਨੂੰ ਅਕਸਰ ਨਿੱਜੀ ਕਾਨੂੰਨੀ ਪ੍ਰਤਿਨਿਧ (ਵਕੀਲ) ਨੂੰ ਫ਼ੀਸ ਦੇਣੀ ਪਵੇਗੀ। ਇਮੀਗ੍ਰੇਸ਼ਨ ਸੰਬੰਧੀ ਕਾਨੂੰਨੀ ਘੁਟਾਲੇ ਹੁਣ ਆਮ ਗੱਲ ਬਣ ਚੁੱਕੀ ਹੈ, ਇਸ ਲਈ ਜਦੋਂ ਕੋਈ ਆਪਣੇ-ਆਪ ਨੂੰ ਕਾਨੂੰਨੀ ਸੇਵਾਵਾਂ ਪ੍ਰਦਾਨ ਕਰਨ ਵਾਲੇ ਦੇ ਰੂਪ ਵਿੱਚ ਪੇਸ਼ ਕਰ ਰਿਹਾ ਹੋਵੇ ਤਾਂ ਕੀ ਉਹ ਅਸਲ ਵਿੱਚ ਵਕੀਲ ਹੈ ਜਾਂ ਨਹੀਂ ਇਹ ਤਸਦੀਕ ਕਰਨਾ ਲਾਜ਼ਮੀ ਹੋ ਜਾਂਦਾ ਹੈ। ਕਿਸੇ ਵੀ ਵਕੀਲ ਨੂੰ ਆਪਣਾ ਕੇਸ ਦੇਣ ਤੋਂ ਪਹਿਲਾਂ ਤੁਹਾਨੂੰ ਹਮੇਸ਼ਾ ਉਸ ਦਾ ਨਾਮ ਗੂਗਲ ਵਿੱਚ ਜ਼ਰੂਰ ਖੋਜਣਾ ਚਾਹੀਦਾ ਹੈ ਤਾਂ ਜੋ ਪਤਾ ਲੱਗ ਸਕੇ ਕੀ ਉਹ ਕੀ ਕੰਮ ਕਰਦਾ ਹੈ ਅਤੇ ਉਹ ਕਿਸ ਸੰਸਥਾ ਤੋਂ ਮਾਨਤਾ ਪ੍ਰਾਪਤ ਹੈ। 'ਅਮਰੀਕਨ ਇਮੀਗ੍ਰੇਸ਼ਨ ਲਾਇਰਜ਼ ਐਸੋਸੀਏਸ਼ਨ ਸਰਚ ਇੰਜਣ', 'ਨੈਸ਼ਨਲ ਇਮੀਗ੍ਰੇਸ਼ਨ ਪ੍ਰੋਜੈਕਟ ਮੈਂਬਰਜ਼ ਡਾਇਰੈਕਟਰੀ' ਅਤੇ 'ਰਿਫ਼ਿਊਜੀ ਐਂਡ ਇਮੀਗ੍ਰਾਂਟ ਫੰਡ ਲਿਸਟ ਆਫ਼ ਲੀਗਲ ਪ੍ਰੋਵਾਇਡਰਜ਼' ਵਰਗੇ ਸਰੋਤਾਂ ਨੂੰ ਵੀ ਵਰਤਿਆ ਜਾ ਸਕਦਾ ਹੈ।

ਕਈ ਚੁਣੇ ਹੋਏ ਸਿਆਸੀ ਆਗੂਆਂ ਦੇ ਦਫ਼ਤਰਾਂ ਵਿੱਚ ਇਸ ਸੰਬੰਧੀ ਕੰਮ ਕਰਨ ਵਾਲੇ ਕਾਰਕੁੰਨ ਮੌਜੂਦ ਹੁੰਦੇ ਹਨ ਜੋ ਕੁਝ ਹੱਦ ਤੱਕ ਕਾਨੂੰਨੀ ਸਹਾਇਤਾ ਦੇ ਸਕਦੇ ਹਨ। ਪ੍ਰਵਾਸੀਆਂ-ਪੱਖੀ ਕਿਸੇ ਵੀ ਸੀਨੇਟਰ ਜਾਂ ਹਾਉਸ ਪ੍ਰਤਿਨਿਧੀ ਦੇ ਦਫ਼ਤਰ ਵਿੱਚ ਪਹੁੰਚ ਕਰ ਸਕਦੇ ਹੋ ਅਤੇ ਨਾਲ ਦੀ ਨਾਲ ਸ਼ਹਿਰ ਜਾਂ ਸੂਬੇ ਪੱਧਰ ਦੇ ਚੁਣੇ ਹੋਏ ਸਿਆਸੀ ਪ੍ਰਤਿਨਿਧਾਂ ਦੇ ਦਫ਼ਤਰ ਵਿੱਚ ਵੀ ਸਹਾਇਤਾ ਲਈ ਜਾ

ਸਕਦੇ ਹੋ। ਹੇਠਾਂ ਦਿੱਤੇ ਸ਼ਬਦਾਂ ਵਿੱਚ ਉਨ੍ਹਾਂ ਨੂੰ ਫ਼ੋਨ ਰਾਹੀਂ ਜਾਂ ਲਿਖਤੀ ਰੂਪ ਵਿੱਚ ਸੰਪਰਕ ਕਰਨ ਬਾਰੇ ਲਿਖ ਸਕਦੇ ਹੋ;

> ਮੇਰਾ ਨਾਮ [**ਨਾਮ**] ਹੈ, ਮੈਂ ਤੁਹਾਡੇ ਜ਼ਿਲੇ ਵਿੱਚ [**ਭਾਈਚਾਰੇ ਦਾ ਨਾਮ**] ਦੇ [**ਅਹੁਦਾ**] ਵਜੋਂ ਕੰਮ ਕਰਦਾ ਹਾਂ, ਜੋ [**ਸੰਸਥਾ ਵਿੱਚ ਆਉਣ ਵਾਲੇ ਮੈਂਬਰਾਂ/ਸੰਗਤ ਦੀ ਗਿਣਤੀ**] ਨੂੰ ਸੇਵਾਵਾਂ ਪ੍ਰਦਾਨ ਕਰਨ ਵਾਲੀ [**ਧਾਰਮਿਕ/ਸਮਾਜਿਕ ਸਭਾ ਜਾਂ ਸੰਸਥਾ ਦੀ ਕਿਸਮ**] ਹੈ। ਸਾਡੇ ਇੱਕ ਮੈਂਬਰ ਨੂੰ ਆਈਸ [**ਤਰੀਕ**] ਨੂੰ [**ਦਿਨ/ਮੌਕਾ**] ਵੇਲੇ ਲੈ ਗਈ ਸੀ ਅਤੇ ਸਾਨੂੰ ਤੁਰੰਤ ਸਹਾਇਤਾ ਦੀ ਲੋੜ ਹੈ। ਕਿਰਪਾ ਕਰਕੇ ਸਾਡੇ ਨਾਲ [**ਆਪਣਾ ਸੰਪਰਕ ਨੰਬਰ/ਪਤਾ ਲਿਖੋ**] ‘ਤੇ ਸੰਪਰਕ ਕਰੋ।

ਨਿਊ ਯਾਰਕ ਨਿਵਾਸੀ ਆਪਣੇ ਸ਼ਹਿਰ, ਸੂਬੇ ਅਤੇ ਫੈਡਰਲ ਪੱਧਰ ਦੇ ਸਾਰੇ ਸਿਆਸੀ ਪ੍ਰਤਿਨਿਧਾਂ ਦੀ ਜਾਣਕਾਰੀ ਹਾਸਲ ਕਰਨ ਲਈ mygovnyc.org ਵੈਬਸਾਈਟ ਦੀ ਵਰਤੋਂ ਕਰ ਸਕਦੇ ਹਨ।

## 3. ਭਾਈਚਾਰੇ ਤੋਂ ਚੰਦਾ ਇਕੱਠਾ ਕਰਨਾ ਸ਼ੁਰੂ ਕਰੋ ਅਤੇ ਮੈਂਬਰਾਂ ਤੱਕ ਚੰਦਾ ਪਾਉਣ ਵਾਲੇ ਡੱਬੇ ਪਹੁੰਚਾਉ

ਇਮੀਗ੍ਰੇਸ਼ਨ ਸੰਬੰਧੀ ਹਿਰਾਸਤ ਵਾਲੇ ਮੈਂਬਰਾਂ ਦੀ ਮਦਦ ਕਰਨਾ ਮਹਿੰਗਾ ਕਾਰਜ ਹੋ ਸਕਦਾ ਹੈ ਜਿਸ ਵਾਸਤੇ ਭਾਈਚਾਰੇ ਨੂੰ ਆਪਣੇ ਵਸੀਲੇ ਜੁਟਾਉਣ ਦੀ ਲੋੜ ਪੈਂਦੀ ਹੈ। ਵਕੀਲ ਕਰਨ, ਪੋਸਟਿੰਗ ਬਾਂਡ, ਹਿਰਾਸਤ ਵਾਲੇ ਵਿਅਕਤੀ ਦੇ ਹਿਰਾਸਤ ਕੇਂਦਰ ਵਿੱਚ ਰਹਿੰਦਿਆਂ ਵਰਤਣ ਲਈ ਕੌਮਿਸਰੀ ਵਿੱਚ ਜਮ੍ਹਾ ਕਰਵਾਉਣ ਲਈ ਜਾਂ ਰਿਹਾਈ ਤੋਂ ਬਾਅਦ ਦੇਖਭਾਲ ਲਈ ਚੰਦੇ ਦੇ ਰੂਪ ਵਿੱਚ ਇਕੱਤਰ ਕੀਤੇ ਪੈਸਿਆਂ ਦੀ ਲੋੜ ਪੈ ਸਕਦੀ ਹੈ। ਸਿਰਫ਼ GoFundMe (ਗੋ ਫੰਡ ਮੀ) ਹੀ ਨਹੀਂ GiveButter (ਗਿਵ ਬਟਰ) ਜਾਂ Chuffed (ਚਫ਼ਡ) ਵਰਗੇ ਦੂਜੇ ਹੋਰ ਗ਼ੈਰ-ਮੁਨਾਫ਼ਾ ਵਸੀਲਿਆਂ ਦੀ ਵਰਤੋਂ ਕਰਨ ਬਾਰੇ ਵੀ ਵਿਚਾਰ ਕਰੋ।

## 4. ਜ਼ਮਾਨਤੀ ਬਾਂਡ ਉੱਤੇ ਰਿਹਾਈ ਹਾਸਲ ਕਰਨ ਲਈ ਮਦਦ ਕਰੋ

ਜ਼ਿਆਦਾਤਰ ਪ੍ਰਵਾਸੀ ਜਿਹੜੇ ਵੀਜ਼ਾ ਜਾਂ ਪੈਰੋਲ ਪ੍ਰੋਗਰਾਮ ਅਧੀਨ ਅਮਰੀਕਾ ਵਿੱਚ ਦਾਖ਼ਲ ਹੋਏ ਅਤੇ ਜਿਨ੍ਹਾਂ ਦਾ ਕਿਸੇ ਜੁਰਮ ਦਾ ਕੋਈ ਰਿਕਾਰਡ ਨਹੀਂ ਹੈ ਉਹ ਜ਼ਮਾਨਤੀ ਬਾਂਡ ਉੱਤੇ ਰਿਹਾਈ ਹਾਸਲ ਕਰਨ ਲਈ ਯੋਗ ਹੋਣਗੇ। ਜੇ ਤੁਸੀਂ ਹਿਰਾਸਤ ਵਿੱਚ ਲਏ ਗਏ ਵਿਅਕਤੀ ਨਾਲ ਗੱਲਬਾਤ ਕਰ ਸਕਦੇ ਹੋ ਤਾਂ ਉਸ ਨੂੰ ਇਸ ਹੱਕ ਬਾਰੇ ਦੱਸੋ।

ਬਾਂਡ ਦੀ ਮੁੱਢਲੀ ਅਰਜ਼ੀ ਆਈਸ ਡਿਟੈਂਸ਼ਨ ਅਫ਼ਸਰ ਕੋਲ ਦਾਖ਼ਲ ਕਰਨੀ ਚਾਹੀਦੀ ਹੈ।

ਜੇ ਆਈਸ ਬਾਂਡ ਤੋਂ ਇਨਕਾਰ ਕਰਦੀ ਹੈ ਜਾਂ ਇਸ ਦੀ ਰਕਮ ਬਹੁਤ ਜ਼ਿਆਦਾ ਰੱਖਦੀ ਹੈ ਤਾਂ ਹਿਰਾਸਤ ਵਿੱਚ ਰਹਿ ਰਿਹਾ ਵਿਅਕਤੀ ਇਮੀਗ੍ਰੇਸ਼ਨ ਜੱਜ ਕੋਲ ਬਾਂਡ ਸੰਬੰਧੀ ਸੁਣਵਾਈ ਦੀ ਬੇਨਤੀ ਕਰ ਸਕਦਾ ਹੈ। ਤੁਸੀਂ ਇਮੀਗ੍ਰੇਸ਼ਨ ਰਿਵੀਉ ਦੇ ਐਗਜ਼ਿਕਿਊਟਿਵ ਆਫ਼ਿਸ ਦੀ ਆਟੋਮੇਟਿਡ ਕੇਸ ਇਨਫ਼ਰਮੇਸ਼ਨ ਵੈਬਸਾਈਟ ਦੇ ਉੱਤੇ ਗ਼ੈਰ-ਨਾਗਰਿਕ (ਨਾਨ-ਸਿਟੀਜ਼ਨ) ਦਾ “ਏ-ਨੰਬਰ” ਅਤੇ ਮੂਲ ਦੇਸ਼ (ਕੰਟਰੀ ਆਫ਼ ਓਰੀਜਨ) ਦਾ ਨਾਮ ਭਰ ਕੇ ਸੰਬੰਧਤ ਇਮੀਗ੍ਰੇਸ਼ਨ ਅਦਾਲਤ ਅਤੇ ਉਸ ਖੇਤਰ ਦੇ ਜੱਜ ਦਾ ਪਤਾ ਕਰ ਸਕਦੇ ਹੋ।

ਆਮ ਹਾਲਤਾਂ ਵਿੱਚ, ਬਾਂਡ ਸੰਬੰਧੀ ਸੁਣਵਾਈ ਦੌਰਾਨ ਵਕੀਲ ਹਿਰਾਸਤ ਵਿੱਚ ਲਏ ਵਿਅਕਤੀ ਵੱਲੋਂ ਪੇਸ਼ ਹੋ ਸਕਦਾ ਹੈ। ਕਈ ਇਮੀਗ੍ਰੇਸ਼ਨ ਵਕੀਲ ਬਾਂਡ ਦੀ ਅਰਜ਼ੀ ਲਿਖਣ ਅਤੇ ਜਮ੍ਹਾਂ ਕਰਾਉਣ ਦੇ ਨਾਲ-ਨਾਲ ਸੁਣਵਾਈ ਦੌਰਾਨ ਹਿਰਾਸਤ ਵਿੱਚ ਲਏ ਵਿਅਕਤੀ ਦਾ ਪੱਖ ਪੇਸ਼ ਕਰਨ ਲਈ 1,000 ਤੋਂ 3,000 ਡਾਲਰ ਤੱਕ ਫ਼ੀਸ ਲੈਂਦੇ ਹਨ।

ਬਾਂਡ 'ਤੇ ਰਿਹਾਈ ਦੀ ਯੋਗਤਾ ਅਤੇ ਇਸ ਦੀ ਰਕਮ ਦਾ ਮੁਲਾਂਕਣ (ਹਿਸਾਬ) ਹਿਰਾਸਤ ਵਿੱਚ ਲਏ ਵਿਅਕਤੀ ਦੇ "ਭੱਜ ਜਾਣ ਦੇ ਜੋਖ਼ਮ" ਜਾਂ "ਸਮਾਜ ਨੂੰ ਖ਼ਤਰੇ" ਦੀ ਸੰਭਾਵਨਾ ਅਨੁਸਾਰ ਕੀਤਾ ਜਾਂਦਾ ਹੈ। ਆਮ ਤੌਰ 'ਤੇ ਪਰਿਵਾਰ ਅਤੇ ਧਾਰਮਿਕ ਭਾਈਚਾਰਾ ਇਨ੍ਹਾਂ ਜੋਖ਼ਮਾਂ ਵਿਰੁੱਧ ਸਬੂਤ ਵੱਜੋਂ ਹਿਰਾਸਤੀ (ਡਿਟੇਨੀ) ਦੀ ਆਪਣੇ ਭਾਈਚਾਰੇ ਨਾਲ ਸਾਂਝ ਅਤੇ ਉਸ ਦੇ ਚੰਗੇ ਚਾਲ-ਚਲਣ ਦੀ ਮਜ਼ਬੂਤ ਗਵਾਹੀ ਦੇ ਕੇ ਉਸ ਨੂੰ ਰਿਹਾਈ ਵਿੱਚ ਮਦਦ ਕਰ ਸਕਦੇ ਹਨ।

ਬਾਂਡ ਲਈ ਭਰੀ ਜਾਣ ਵਾਲੀ ਰਕਮ 1,500 ਡਾਲਰ ਤੋਂ 25,000 ਡਾਲਰ ਤੱਕ ਹੋ ਸਕਦੀ ਹੈ।

## 5. ਹੈਬੀਅਸ ਕੋਰਪਸ ਰਿੱਟ ਪਟੀਸ਼ਨ ਦੀ ਸੰਭਾਵਨਾ ਵੇਖੋ

ਜੇ ਸਰਕਾਰ ਗ਼ੈਰ-ਕਾਨੂੰਨੀ ਢੰਗ ਨਾਲ ਵਿਅਕਤੀ ਨੂੰ ਹਿਰਾਸਤ ਵਿੱਚ ਰੱਖ ਰਹੀ ਹੈ ਤਾਂ ਉਹ ਹੈਬੀਅਸ ਕੋਰਪਸ ਦੀ ਰਿੱਟ ਉੱਤੇ ਰਿਹਾਈ ਦੇ ਯੋਗ ਹੋ ਸਕਦਾ ਹੈ।

ਮਿਸਾਲ ਵਜੋਂ, ਟਰੰਪ ਪ੍ਰਸ਼ਾਸਨ ਨੇ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫ਼ੋਰਸਮੈਂਟ (ਆਈਸ) ਅਤੇ ਇਮੀਗ੍ਰੇਸ਼ਨ ਅਦਾਲਤਾਂ ਨੂੰ ਵੀਜ਼ਾ ਜਾਂ ਪੈਰੋਲ ਤੋਂ ਬਿਨਾਂ ਅਮਰੀਕਾ ਵਿੱਚ ਦਾਖ਼ਲ ਹੋ ਚੁੱਕੇ ਬਿਨਾਂ ਦਸਤਾਵੇਜ਼ਾਂ ਵਾਲੇ ਸਾਰੇ ਪ੍ਰਵਾਸੀਆਂ ਨੂੰ ਬਾਂਡ 'ਤੇ ਜ਼ਮਾਨਤ ਨਾ ਦੇਣ ਦੇ ਨਿਰਦੇਸ਼ ਜਾਰੀ ਕੀਤੇ ਹਨ, ਇਨ੍ਹਾਂ ਵਿੱਚ ਉਹ ਲੋਕ ਵੀ ਸ਼ਾਮਲ ਹਨ ਜਿਨਾਂ ਦਾ ਜੁਰਮ ਸੰਬੰਧੀ ਵੀ ਕੋਈ ਰਿਕਾਰਡ ਨਹੀਂ ਹੈ ਅਤੇ ਉਹ ਸਾਲਾਂ ਤੋਂ ਦੇਸ਼ ਵਿੱਚ ਰਹਿ ਰਹੇ ਹਨ। ਇਹ ਨੀਤੀ ਸਪੱਸ਼ਟ ਰੂਪ ਵਿੱਚ ਕਾਨੂੰਨ ਦੀ ਉਲੰਘਣਾ ਕਰਦੀ ਹੈ। ਫੈਡਰਲ ਅਦਾਲਤਾਂ ਨੇ ਹੈਬੀਅਸ ਵਾਲੀ ਕਾਰਵਾਈ ਦੌਰਾਨ ਇਸ ਦੀ ਸਮੀਖਿਆ ਕਰਦਿਆਂ ਵੱਡੀ ਪੱਧਰ ਉੱਤੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ।[1] ਹਾਲਾਂਕਿ, ਅਕਸਰ ਹਿਰਾਸਤ ਵਿੱਚ ਲਏ ਗਏ ਉਨ੍ਹਾਂ ਗ਼ੈਰ-ਨਾਗਰਿਕਾਂ ਨੂੰ ਜਿਨ੍ਹਾਂ ਨੂੰ ਇਸ ਗ਼ੈਰ-ਕਾਨੂੰਨੀ ਨੀਤੀ ਤਹਿਤ ਜ਼ਮਾਨਤੀ ਬਾਂਡ ਉੱਤੇ ਰਿਹਾਈ ਤੋਂ ਮਨ੍ਹਾ ਕੀਤਾ ਗਿਆ ਹੋਵੇ ਕਾਨੂੰਨੀ ਘੁੰਢੀਆਂ ਕਰਕੇ ਉਨ੍ਹਾਂ ਨੂੰ ਫੈਡਰਲ ਅਦਾਲਤ ਵਿੱਚ ਰਿੱਟ ਦਾਖ਼ਲ ਕਰਨੀ ਪੈਂਦੀ ਹੈ ਕਿਉਂਕਿ ਆਈਸ ਅਤੇ ਇਮੀਗ੍ਰੇਸ਼ਨ ਅਦਾਲਤਾਂ ਵਿੱਚ ਕੰਮ ਕਰਨ ਵਾਲੇ ਪ੍ਰਸ਼ਾਸਨਿਕ ਮੁਲਾਜ਼ਮ ਹਿਰਾਸਤ ਵਿੱਚ ਲਏ ਉਨ੍ਹਾਂ ਵਿਅਕਤੀਆਂ ਨੂੰ ਵੀ ਬਾਂਡ ਤੋਂ ਮਨ੍ਹਾਂ ਕਰ ਸਕਦੇ ਹਨ, ਜੋ ਕਾਨੂੰਨੀ ਤੌਰ ਉੱਤੇ ਇਸ ਦੇ ਯੋਗ ਹੁੰਦੇ ਹਨ।

ਕੁਝ ਦੂਜੇ ਗ਼ੈਰ-ਨਾਗਰਿਕਾਂ ਨੇ ਹੈਬੀਅਸ ਰਾਹੀਂ ਰਿਹਾਈ ਹਾਸਲ ਕੀਤੀ ਹੈ ਜਦੋਂ ਆਈਸ ਨੇ ਮਨਮਰਜ਼ੀ ਨਾਲ ਚੈੱਕ-ਇਨ ਦੌਰਾਨ ਉਨ੍ਹਾਂ ਦੇ ਨਿਗਰਾਨੀ ਅਧੀਨ ਰਿਹਾਈ ਦੇ ਸਮਝੌਤੇ ਵਾਪਸ ਲੈ ਕੇ (ਰੱਦ ਕਰਕੇ) ਉਨ੍ਹਾਂ ਨੂੰ ਦੋਬਾਰਾ ਗ੍ਰਿਫ਼ਤਾਰ ਕਰ ਲਿਆ ਜਾਂ ਜਦੋਂ ਗ਼ੈਰ-ਨਾਗਰਿਕਾਂ ਨੂੰ ਬਦਲੇ ਦੀ ਕਾਰਵਾਈ ਅਧੀਨ ਉਦੋਂ ਗ੍ਰਿਫ਼ਤਾਰ ਕਰ ਲਿਆ ਗਿਆ ਜਦੋਂ ਉਨ੍ਹਾਂ ਨੇ ਸੰਵਿਧਾਨ ਵਿੱਚ ਪ੍ਰਾਪਤ ਬੋਲਣ ਦੀ ਆਜ਼ਾਦੀ ਦੇ ਹੱਕ ਦੀ ਵਰਤੋਂ ਕੀਤੀ।

ਹੈਬੀਅਸ ਕੋਰਪਸ ਦੀ ਰਿੱਟ ਉਸ ਸੰਬੰਧਤ ਇਲਾਕੇ ਦੀ ਫੈਡਰਲ ਅਦਾਲਤ ਵਿੱਚ ਦਾਖ਼ਲ ਕੀਤੀ ਜਾਣੀ ਚਾਹੀਦੀ ਹੈ ਜਿਸ ਅਧੀਨ ਵਿਅਕਤੀ ਨੂੰ ਹਿਰਾਸਤ ਵਿੱਚ ਰੱਖਿਆ ਗਿਆ ਹੈ (ਉਹ ਇਲਾਕਾ ਕਿਹੜਾ ਹੈ ਇਹ ਪਤਾ ਕਰਨ ਲਈ ਤੁਸੀਂ ਆਈਸ ਡਿਟੇਨੀ ਲੋਕੇਟਰ ਦੀ ਵਰਤੋਂ ਕਰ ਸਕਦੇ ਹੋ)। ਜੇ

ਗ੍ਰਿਫ਼ਤਾਰੀ ਨਿਊ ਯਾਰਕ ਸ਼ਹਿਰ ਵਰਗੇ ਵਧੇਰੇ ਪ੍ਰਵਾਸੀ-ਪੱਖੀ ਇਲਾਕੇ ਵਿੱਚ ਹੋਈ ਹੈ ਤਾਂ ਹਿਰਾਸਤ ਵਾਲੇ ਵਿਅਕਤੀ ਨੂੰ ਕਿਸੇ ਹੋਰ ਜ਼ਿਆਦਾ ਸਖ਼ਤੀ ਵਾਲੇ ਇਲਾਕੇ ਵਿੱਚ ਤਬਦੀਲ ਕਰਨ ਤੋਂ ਪਹਿਲਾਂ ਰਿੱਟ ਦਾਖ਼ਲ ਕਰਨਾ ਸਹਾਈ ਹੋ ਸਕਦਾ ਹੈ। ਇਸ ਦੇ ਉਲਟ ਜੇਕਰ ਹਿਰਾਸਤੀ ਨੂੰ ਪਹਿਲਾਂ ਹੀ ਟੈਕਸਸ, ਲੂਸਿਆਨਾ ਜਾਂ ਮਿਸਿਸਿੱਪੀ ਆਦਿ ਭੇਜ ਦਿੱਤਾ ਗਿਆ ਹੈ ਤਾਂ ਹੈਬੀਅਸ ਦਾ ਕੇਸ ਪਾਉਣ ਲਈ ਵਕੀਲ ਕਰਨਾ ਘੱਟ ਲਾਹੇਵੰਦ ਹੋਵੇਗਾ।

ਜਿਸ ਵਕੀਲ ਨੂੰ ਤੁਸੀਂ ਹੈਬੀਅਸ ਪਟੀਸ਼ਨ ਪਾਉਣ ਦਾ ਜ਼ਿੰਮਾ ਸੌਂਪਿਆ ਹੈ ਉਸ ਨੂੰ ਹਿਰਾਸਤ ਕੇਂਦਰ ਵਾਲੇ ਇਲਾਕੇ ਦੀ ਫੈਡਰਲ ਅਦਾਲਤ ਵਿੱਚ ਦਾਖ਼ਲ ਕੀਤਾ ਜਾਣਾ ਚਾਹੀਦਾ ਹੈ। ਕਈ ਫੈਡਰਲ ਵਕੀਲ ਹਿਰਾਸਤੀ ਦੇ ਪੱਖ ਵਿੱਚ ਹੈਬੀਅਸ ਕੋਰਪਸ ਦੀ ਰਿੱਟ ਪਾਉਣ ਅਤੇ ਅੱਗੇ ਚੱਲ ਕੇ ਅਦਾਲਤ ਵਿੱਚ ਪੇਸ਼ ਹੋਣ ਲਈ 5,000 ਤੋਂ 10,000 ਡਾਲਰ ਤੱਕ ਦੀ ਫ਼ੀਸ ਲੈਂਦੇ ਹਨ।

ਜੇਕਰ ਵਕੀਲ ਕਰਨਾ ਸੰਭਵ ਨਾ ਹੋਵੇ ਤਾਂ ਹਿਰਾਸਤ ਵਾਲਾ ਵਿਅਕਤੀ "ਪ੍ਰੋ ਸੇ" (ਆਪਣੇ ਆਪ) ਪਟੀਸ਼ਨ ਦਾਖ਼ਲ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ ਅਤੇ ਪਰਿਵਾਰਕ/ਧਾਰਮਿਕ ਸਮੂਹ ਦਾ ਮੈਂਬਰ "ਨੇੜਲੇ ਦੋਸਤ" ਵਾਲੀ ਪਟੀਸ਼ਨ ਦਾਖ਼ਲ ਕਰ ਸਕਦਾ ਹੈ। ਜੇ ਤੁਸੀਂ ਇੰਝ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਸਹਾਇਤਾ ਲੈਣ ਲਈ ਸੰਬੰਧਤ ਫੈਡਰਲ ਜ਼ਿਲ੍ਹਾ ਅਦਾਲਤ ਦੇ ਕਲਰਕ ਜਾਂ ਚੁਣੇ ਹੋਏ ਪ੍ਰਵਾਸੀ-ਪੱਖੀ ਸਿਆਸੀ ਪ੍ਰਤਿਨਿਧਾਂ ਦੇ ਦਫ਼ਤਰ ਨਾਲ ਸੰਪਰਕ ਕਰਨਾ ਚਾਹੀਦਾ ਹੈ।


## 6. ਮਾਨਵਤਾ ਦੇ ਆਧਾਰ 'ਤੇ ਪੈਰੋਲ ਦੀ ਮੰਗ ਕਰਨ ਬਾਰੇ ਵਿਚਾਰ ਕਰੋ

ਹਿਰਾਸਤ ਵਿੱਚ ਲਏ ਗਏ ਉਹ ਵਿਅਕਤੀ ਜਿਨ੍ਹਾਂ ਨੂੰ ਤੁਰੰਤ ਮੈਡੀਕਲ ਸਹਾਇਤਾ ਦੀ ਲੋੜ ਹੋਵੇ ਉਹ ਮਾਨਵਤਾ ਦੇ ਆਧਾਰ 'ਤੇ ਪੈਰੋਲ ਦੇ ਯੋਗ ਹੋ ਸਕਦੇ ਹਨ। ਬਾਂਡ ਉੱਤੇ ਜ਼ਮਾਨਤ ਦੀ ਅਰਜ਼ੀ ਵਾਂਗ ਹੀ, ਮਾਨਵਤਾ ਦੇ ਆਧਾਰ 'ਤੇ ਪੈਰੋਲ ਦੇ ਫ਼ੈਸਲੇ ਵਿੱਚ ਵੀ ਉਹ ਸਵਾਲ ਸ਼ਾਮਲ ਹੁੰਦੇ ਕਿ ਕੀ ਹਿਰਾਸਤੀ ਦੇ ਭੱਜਣ ਦਾ ਖ਼ਤਰਾ ਤਾਂ ਨਹੀਂ ਜਾਂ ਉਸ ਤੋਂ ਸਮਾਜ ਨੂੰ ਕੋਈ ਖ਼ਤਰਾ ਤਾਂ ਨਹੀਂ, ਜਿਨ੍ਹਾਂ ਦੇ ਖ਼ਿਲਾਫ਼ ਭਰੋਸੇ ਦੀ ਗਵਾਹੀ ਪਰਿਵਾਰ ਵਾਲੇ ਅਤੇ ਧਾਰਮਿਕ ਆਗੂ ਦੇ ਸਕਦੇ ਹਨ।

## 7. ਮੁਲਾਕਾਤ ਦਾ ਪ੍ਰਬੰਧ ਕਰਨਾ

ਪ੍ਰਵਾਸ ਦੌਰਾਨ ਹਿਰਾਸਤ ਵਿੱਚ ਲਏ ਵਿਅਕਤੀ ਲਈ ਮੁਲਾਕਾਤ ਨੈਤਿਕ ਮਦਦ ਦੇ ਨਾਲ-ਨਾਲ ਮਹਤੱਵਪੂਰਨ ਜਾਣਕਾਰੀ ਸਾਂਝੀ ਕਰਨ ਦਾ ਮੁੱਲਵਾਨ ਸਾਧਨ ਹੋ ਸਕਦੀ ਹੈ। ਕਿਸੇ ਅਮਰੀਕੀ ਨਾਗਰਿਕ ਧਾਰਮਿਕ ਪ੍ਰਚਾਰਕ ਅਤੇ ਦੋਸਤ ਦੀ ਮੁਲਾਕਾਤ ਹੀ ਕਈ ਹਿਰਾਸਤੀ ਵਿਅਕਤੀਆਂ ਲਈ ਬਾਹਰਲੀ ਦੁਨੀਆ ਨਾਲ ਦੋਸਤਾਨਾ ਸੰਪਰਕ ਦਾ ਜ਼ਰੀਆ ਹੋ ਸਕਦੀ ਹੈ, ਖ਼ਾਸ ਕਰਕੇ ਜਦੋਂ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਕੋਲ ਆਪ ਨਾਗਰਿਕਤਾ ਸੰਬੰਧੀ ਜ਼ਰੂਰੀ ਦਸਤਾਵੇਜ਼ ਨਾ ਹੋਣ ਜਾਂ ਉਹ ਕਿਸੇ ਦੂਜੇ ਮੁਲਕ ਵਿੱਚ ਹੋਣ।

ਆਈਸ ਡਿਟੇਨੀ ਲੋਕੇਟਰ ਦੀ ਵਰਤੋਂ ਕਰਕੇ ਹਿਰਾਸਤ ਵਿੱਚ ਲਏ ਵਿਅਕਤੀ ਨੂੰ ਰੱਖੇ ਜਾਣੇ ਵਾਲੇ ਸਥਾਨ ਦੀ ਪਛਾਣ ਕਰੋ, ਫਿਰ ਆਈਸ ਵੈਬਸਾਈਟ ਡਾਇਰੈਕਟਰੀ ਉੱਤੇ ਉਸ ਹਿਰਾਸਤ ਕੇਂਦਰ ਦੇ ਮੁਲਾਕਾਤ ਦੇ ਨਿਯਮ ਵੇਖੋ। ਆਮ ਤੌਰ 'ਤੇ ਵਕੀਲਾਂ, ਧਾਰਮਿਕ ਪ੍ਰਚਾਰਕਾਂ ਅਤੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਦੇ ਨਿਯਮ ਵੱਖੋ-ਵੱਖਰੇ ਹੁੰਦੇ ਹਨ, ਜੋ ਕਿ ਮੁਲਾਕਾਤ ਦਾ ਸਮਾਂ (ਆਰਜ਼ ਆਫ਼ ਵਿਜ਼ਿਟੇਸ਼ਨ) ਦੇ ਕਾਲਮ ਹੇਠ ਦਿੱਤੇ ਹੁੰਦੇ ਹਨ।


U.S. Immigration and Customs Enforcement

Search

Call 1-866-DHS-2-ICE to report suspicious activity

Report Crime

About Us | Enforcement and Removal Operations | Homeland Security Investigations | Newsroom

ICE > DETAIN > DETENTION FACILITIES

Orange County Jail

New York City Field Office

Contacting a Detainee | Legal & Case Information | Hours of Visitation | Sending Items to Detainees | Press & Media | Feedback or Complaints

**Friends and Family Visits**

The Orange County Sheriff's Office is pleased to offer pre-scheduled contact visits at the Correctional Facility. Friends and family can register online to arrange their contact visits at the facility. From there, visitors can enter their information and schedule their visit. Once at the facility, check in is expedited and their seat in the visiting room is already reserved. Pre-schedule your visit online.

Visits can be scheduled by visiting the Orange County Jail website.
Video visit: Visitors will need to register for an account.

**Attorney Visits**

Legal representatives of detainees are authorized to visit their clients

7 days a week, in person between 8 a.m. and 10 p.m. or
Via video visiting https://ocjailvisit.orangecountygov.com/app

A list of pro bono (free) legal organizations will be posted in all detainee housing units and other appropriate areas. This list shall be updated quarterly. If a detainee wishes to see a representative or paralegal from that organization, it is the detainee's responsibility to contact them for an appointment.

**Legal Calls or Video Teleconferencing**

Legal Calls or video visits can be scheduled by contacting the Orange County Jail Visiting Officer at (845) 291-4033 or via email at Jailvisiting@orangecountygov.com.

**Consular Visits**

Consular officials may meet with their detained nationals at any time. It is requested that prior arrangements be made with the ICE Supervisory Deportation Officer to the extent possible, and that consular officials bring appropriate credentials when they come to the facility. The ICE Supervisory Deportation Officer for this facility can be reached at (845) 291-7515.

**Clergy Visits**

Clergy may visit detainees at any time but must make prior arrangements with the Chaplain's Office.

ਨਿਊ ਯਾਰਕ ਵਿਖੇ ਓਰੇਂਜ ਕਾਉਂਟੀ ਜੇਲ੍ਹ ਵਿੱਚ ਮੁਲਾਕਾਤ ਦੇ ਨਿਯਮ

## 8. ਕੌਮਿਸਰੀ ਫੰਡ ਭੇਜੋ

ਆਈਸ ਵਿੱਚ ਹਾਲਾਤ ਆਮ ਤੌਰ ’ਤੇ ਅਣ-ਮਨੁੱਖੀ ਹੁੰਦੇ ਹਨ ਅਤੇ ਕਈ ਹਿਰਾਸਤੀ ਵਿਅਕਤੀਆਂ ਨੂੰ ਆਪਣੀਆਂ ਮੁੱਢਲੀਆਂ ਲੋੜਾਂ ਦਾ ਸਾਮਾਨ ਜਿਵੇਂ ਰੋਟੀ-ਪਾਣੀ, ਸਾਬ ਅਤੇ ਦਰਦ ਦੀਆਂ ਦਵਾਈਆਂ ਆਦਿ ਕੌਮਿਸਰੀਜ਼ (ਹਿਰਾਸਤ ਕੇਂਦਰ ਅੰਦਰ ਮੌਜੂਦ ਸਾਮਾਨ ਦੀਆਂ ਦੁਕਾਨਾਂ) ਤੋਂ ਹੀ ਖ਼ਰੀਦਣੇ ਪੈਂਦੇ ਹਨ। ਹਿਰਾਸਤ ਕੇਂਦਰ ਚਲਾਉਣ ਵਾਲੀਆਂ ਮੁਨਾਫ਼ੇ-ਵਾਲੀਆਂ ਜੇਲ੍ਹ ਕੰਪਨੀਆਂ ਹੀ ਹਿਰਾਸਤ ਕੇਂਦਰਾਂ ਅੰਦਰ ਇਹ ਕੌਮੀਸਰੀਜ਼ (ਦੁਕਾਨਾਂ) ਵੀ ਚਲਾਉਂਦੀਆਂ ਹਨ। ਆਈਸ ਦੀ ਵੈਬਸਾਈਟ ਉੱਤੇ ਆਮ ਤੌਰ ’ਤੇ “ਸੈਂਡਿੰਗ ਆਈਟਮਜ਼ ਟੂ ਡਿਟੇਨੀਜ਼” (ਹਿਰਾਸਤੀਆਂ ਨੂੰ ਚੀਜ਼ਾਂ ਭੇਜਣੀਆਂ) ਵਾਲੇ ਟੈਬ (ਕਾਲਮ) ਅਧੀਨ ਹਿਰਾਸਤ ਕੇਂਦਰ ਦੇ ਪੰਨੇ ਉੱਤੇ ਜਾਣਕਾਰੀ ਦਿੱਤੀ ਹੁੰਦੀ ਹੈ ਕਿ ਹਿਰਾਸਤੀ ਦੇ ਕੌਮਿਸਰੀ ਖ਼ਾਤੇ ਵਿੱਚ ਪੈਸੇ ਕਿਵੇਂ ਜਮ੍ਹਾਂ ਕਰਵਾਉਣੇ ਹਨ।

U.S. Immigration and Customs Enforcement

Search

Call 1-866-DHS-2-ICE to report suspicious activity

Report Crime

About Us | Enforcement and Removal Operations | Homeland Security Investigations | Newsroom

ICE › DETAIN › DETENTION FACILITIES

Delaney Hall Detention Facility

Newark Field Office

Contacting a Detainee | Legal & Case Information | Hours of Visitation | Sending Items to Detainees | Press & Media | Feedback or Complaints

Letters sent to detainees must include the last four digits of the detainee's A-number (File Number), plus the sender's name and address. To enhance the safety of the facility, all incoming mail is subject to screening for contraband. The mail is not read upon opening, only inspected by the delivery officer. Detainees may send mail from the facility. Detainees may seal their outgoing letters and place them in the provided receptacle. All incoming mail will be delivered to the detainee, and outgoing mail will be routed to the proper postal office within 24 hours of receipt by facility staff. A mail pick-up and delivery schedule are posted in all housing units.

Detainees are allowed to purchase stamps for use. Generally, there is no limit to the amount of correspondence detainees may send at their own expense. Indigent detainees (those who have no means of financial support and no funds in their facility account) will be provided postage allowance at government expense.

When detainees depart the facility or are transferred to another facility, only their legal mail will be forwarded to them. General correspondence will be endorsed "Return to Sender" and returned to the post office.

Money is not to be given directly to the detainee. Money can be placed on the detainee's account by calling Access Corrections at 1-866-345-1884, or via the Access Corrections website and reference detainee name and A number. Detainees are cautioned not to have cash sent to them in the mail.

Detainees may submit a request to receive property at the facility for release. Once approved, drop-off times for property are as follows:

> Monday, Wednesday, Friday – 5 p.m. to 8 p.m.
> Saturday, Sunday, and Holidays – 8 a.m. to 4 p.m.

The total amount of property in storage may not exceed 40 lbs. The facility will only accept personal clothing items for the detainee. No items of value or clothing for anyone other than the detainee will be accepted. The following items will not be accepted during property drop-off: Electronic devices (cell phones, laptops, tablets, etc.), Jewelry, or any item considered to be contraband.

ਨਿਊ ਜਰਸੀ ਦੇ ਡੇਲਾਨੇ ਹਾਲ ਵਾਸਤੇ ਪੈਸੇ ਜਮ੍ਹਾ ਕਰਵਾਉਣ ਬਾਰੇ ਨਿਰਦੇਸ਼

## ਐਮਰਜੈਂਸੀ ਲਈ ਪ੍ਰਬੰਧ ਕਰਨਾ

ਆਈਸ ਵੱਲੋਂ ਹਿਰਾਸਤ ਵਿੱਚ ਲਏ ਜਾਣ ਦੀ ਸੰਭਾਵਨਾ ਦੇ ਮੱਦੇਨਜ਼ਰ ਗ੍ਰਿਫ਼ਤਾਰੀ ਹੋਣ ਤੋਂ ਵੀ ਪਹਿਲਾਂ ਭਾਈਚਾਰਿਆਂ ਵੱਲੋਂ ਐਮਰਜੈਂਸੀ ਲਈ ਪ੍ਰਬੰਧ ਕਰਨਾ ਮਦਦਗਾਰ ਸਾਬਤ ਹੋ ਸਕਦਾ ਹੈ। ਇਹ ਗ੍ਰਿਫ਼ਤਾਰੀ ਦੀ ਬਹੁਤ ਜ਼ਿਆਦਾ ਸੰਭਾਵਨਾ ਵਾਲੇ ਪ੍ਰਵਾਸੀਆਂ ਲਈ ਖ਼ਾਸ ਕਰਕੇ ਬਹੁਤ ਮਹਤੱਵਪੂਰਨ ਹੋ ਸਕਦਾ ਹੈ, ਜਿਵੇਂ ਕਿ ਉਹ ਵਿਅਕਤੀ ਜਿਹਨਾਂ ਦੇ ਪੁਲਿਸ ਦੀ ਗ੍ਰਿਫ਼ਤਾਰੀ ਤੋਂ ਬਾਅਦ ਫਿੰਗਰਪ੍ਰਿੰਟਸ ਲਏ ਗਏ ਹੋਣ ਜਾਂ ਜਿਨ੍ਹਾਂ ਦੀ ਇਮੀਗ੍ਰੇਸ਼ਨ ਅਦਾਲਤ ਵਿੱਚ ਸੁਣਵਾਈ ਹੋਵੇ ਅਤੇ ਉਨ੍ਹਾਂ ਨੇ ਆਈਸ ਦੀਆਂ ਫੈਡਰਲ ਦਫ਼ਤਰਾਂ ਦੀਆਂ ਇਮਾਰਤਾਂ ਵਿੱਚ ਚੈੱਕ-ਇੰਨ ਕਰਨਾ ਹੋਵੇ, ਜਿੱਥੇ ਆਈਸ ਅਣਗਿਣਤ ਗ੍ਰਿਫ਼ਤਾਰੀਆਂ ਦੀ ਕਾਰਵਾਈ ਕਰ ਰਹੀ ਹੁੰਦੀ ਹੈ। ਅਜਿਹੇ ਹਾਲਾਤ ਵਿੱਚ ਤੁਹਾਨੂੰ ਉਸ ਮੈਂਬਰ ਨੂੰ ਤਿਆਰ ਕਰਨਾ ਚਾਹੀਦਾ ਹੈ ਕਿ:

- ਉਹ ਘੱਟੋ-ਘੱਟ ਇਕ ਫ਼ੋਨ ਨੰਬਰ ਯਾਦ ਕਰ ਲਵੇ-ਬਿਹਤਰ ਹੋਵੇ ਕਿ ਉਹ ਉਸ ਵਕੀਲ ਦਾ ਨੰਬਰ ਯਾਰ ਕਰ ਲਵੇ ਜੋ ਇਮੀਗ੍ਰੇਸ਼ਨ ਦੀ ਸੁਣਵਾਈ ਦੌਰਾਨ ਉਸ ਦਾ ਪੱਖ ਪੇਸ਼ ਕਰ ਸਕੇ ਪਰ ਘੱਟੋ-ਘੱਟ ਉਹ ਪੱਕੇ ਕਾਗਜ਼ਾਂ ਵਾਲੇ ਕਿਸੇ ਪਰਿਵਾਰਕ ਮੈਂਬਰ, ਦੋਸਤ ਜਾਂ ਧਾਰਮਿਕ ਪ੍ਰਚਾਰਕ ਦਾ ਨੰਬਰ ਜ਼ਰੂਰ ਯਾਦ ਕਰੇ ਜੋ ਲੋੜ ਪੈਣ ’ਤੇ ਮਦਦ ਦਾ ਪ੍ਰਬੰਧ ਕਰ ਸਕੇ। ਆਈਸ ਆਮ ਤੌਰ ’ਤੇ ਨਿੱਜੀ ਫ਼ੋਨ ਜ਼ਬਤ ਕਰ ਲੈਂਦੀ ਹੈ, ਇਸ ਲਈ ਜ਼ੁਬਾਨੀ ਫ਼ੋਨ ਨੰਬਰ ਯਾਦ ਕਰਨਾ ਬਾਹਰਲੀ ਦੁਨੀਆ ਤੱਕ ਪਹੁੰਚ ਕਰਨ ਵਿੱਚ ਵੱਡੀ ਭੂਮਿਕਾ ਨਿਭਾ ਸਕਦਾ ਹੈ।

- ਰੇਡੀਨਾਉ ਐਪ (ReadyNow app) ਡਾਊਨਲੋਡ ਕਰੋ। ਇਹ ਆਈਸ ਵੱਲੋਂ ਹਿਰਾਸਤ ਵਿੱਚ ਲਏ ਜਾਣ ਦੇ ਖ਼ਤਰੇ ਵਾਲੇ ਗ਼ੈਰ-ਨਾਗਰਿਕਾਂ ਨੂੰ ਐਮਰਜੈਂਸੀ ਵਾਸਤੇ ਤਿਆਰੀ ਕਰਨ ਵਿੱਚ ਮਦਦ ਕਰਦੀ ਹੈ, ਜਿਸ ਵਿੱਚ ਐਮਰਜੈਂਸੀ ਵਿੱਚ ਸਹਾਇਤਾ ਕਰਨ ਵਾਲੇ ਲੋਕਾਂ ਦੇ ਸੰਪਰਕ ਨੰਬਰ, ਕਾਨੂੰਨੀ ਸਹਾਇਤਾ ਨਾਲ ਸੰਪਰਕ, ਬੱਚਿਆਂ ਦੀ ਦੇਖਭਾਲ, ਪੈਸੇ-ਧੇਲੇ ਅਤੇ ਨਿੱਜੀ ਸੁਰੱਖਿਆ ਸੰਬੰਧੀ ਨਿਰਦੇਸ਼ ਦੇਣਾ ਸ਼ਾਮਿਲ ਹੁੰਦੇ ਹਨ।
- ਲੋੜ ਮੁਤਾਬਕ ਬੱਚਿਆਂ ਦੀ ਸੰਭਾਲ ਦਾ ਪ੍ਰਬੰਧ ਕਰੋ, ਖ਼ਾਸ ਕਰ ਐਮਰਜੈਂਸੀ ਵਿੱਚ ਬੱਚਿਆਂ ਦੀ ਦੇਖਭਾਲ ਕੌਣ ਕਰੇਗਾ ਉਨ੍ਹਾਂ ਵਿਅਕਤੀਆਂ ਦੀ ਚੋਣ ਤਰਜੀਹ ਦੇ ਆਧਾਰ ’ਤੇ ਪਹਿਲਾਂ ਹੀ ਕਰ ਲਵੋ।
- ਖ਼ਾਸ ਕਰਕੇ ਜਿਸ ਵਿਅਕਤੀ ਨੂੰ ਹਿਰਾਸਤ ਵਿੱਚ ਲਏ ਜਾਣ ਦਾ ਖ਼ਤਰਾ ਹੋਵੇ ਅਤੇ ਉਸ ਕੋਲ ਕਾਨੂੰਨੀ ਸਹਾਇਤਾ ਕਰਨ ਵਾਲਾ ਕੋਈ (ਵਕੀਲ) ਨਾ ਹੋਵੇ ਤਾਂ ਉਸ ਨੂੰ ਪ੍ਰਵਾਸ-ਪੱਖੀ ਚੁਣੇ ਹੋਏ ਸਿਆਸੀ ਪ੍ਰਤਿਨਧੀ ਨਾਲ ਸੰਪਰਕ ਕਰਨ ਬਾਰੇ ਵਿਚਾਰ ਕਰ ਲੈਣਾ ਚਾਹੀਦਾ ਹੈ। ਗ਼ੈਰ-ਨਾਗਰਿਕ ਵੀ ਨਿੱਜਤਾ ਤੋਂ ਛੋਟ (ਪ੍ਰਾਇਵੇਸੀ ਵੇਵਰ) ਵਾਲਾ ਦਸਤਾਵੇਜ਼ ਪਹਿਲਾਂ ਹੀ ਭਰ ਕੇ ਦੇ ਸਕਦੇ ਹਨ ਜੋ ਦਫ਼ਤਰ ਦੇ ਕੇਸ ਵਿੱਚ ਸਹਾਇਤਾ ਕਰਨ ਵਾਲੇ ਮੁਲਾਜ਼ਮਾਂ ਨੂੰ ਕਾਨੂੰਨੀ ਜਾਣਕਾਰੀ ਹਾਸਲ ਕਰਨ ਦਾ ਹੱਕ ਦੇ ਸਕਦੇ ਹਨ, ਜੋ ਕਿ ਮਦਦਗਾਰ ਸਾਬਤ ਹੋ ਸਕਦੀ ਹੈ।

ਧਾਰਮਿਕ ਪ੍ਰਚਾਰਕ ਜੋ ਅਮਰੀਕੀ ਨਾਗਰਿਕ ਹਨ, ਉਹ ਇਨ੍ਹਾਂ ਗੱਲਾਂ ਵੱਲ ਵੀ ਗ਼ੌਰ ਕਰਨ:

- ਇਮੀਗ੍ਰਾਂਟਸ ਦੇ ਨਾਲ ਅਦਾਲਤ ਅਤੇ ਆਈਸ ਚੈੱਕ-ਇਨ ਵਾਸਤੇ ਜਾਉ
- ਭਾਵੇਂ ਆਪਣੇ ਭਾਈਚਾਰੇ ਦਾ ਕੋਈ ਵੀ ਮੈਂਬਰ ਮੌਜੂਦਾ ਸਮੇਂ ਵਿਚ ਹਿਰਾਸਤ ਵਿੱਚ ਨਾ ਹੋਵੇ ਤਾਂ ਵੀ ਆਪਣਾ ਨਾਮ ਧਾਰਮਿਕ ਪ੍ਰਚਾਰਕ (ਮਿਨਿਸਟਰ ਜਾਂ ਚੈਪਲੇਨ) ਦੇ ਰੂਪ ਵਿੱਚ ਧਾਰਮਿਕ ਸੇਵਾਵਾਂ ਦੇਣ ਲਈ ਨੇੜਲੇ ਆਈਸ ਹਿਰਾਸਤ ਕੇਂਦਰ ਵਿੱਚ ਦਰਜ ਕਰਵਾਉ। ਕੈਥਲਿਕ ਪ੍ਰਿਜ਼ਨ ਮਿਨਿਸਟਰੀਜ਼ ਇਮੀਗ੍ਰੇਸ਼ਨ ਡਿਟੈਂਸ਼ਨ ਮਿਨਿਸਟਰੀਜ਼ ਨਾਲ ਤਾਲਮੇਲ ਰੱਖਦੀਆਂ ਹਨ। ਦੂਜੇ ਧਰਮਾਂ ਦੇ ਮੈਬਰਾਂ ਨੂੰ ਵੀ ਆਪੋ-ਆਪਣੇ ਅਖ਼ਤਿਆਰ ਦੇ ਖੇਤਰਾਂ ਵਿੱਚ ਇਸ ਨਾਲ ਮਿਲਦੇ-ਜੁਲਦੇ ਪ੍ਰਬੰਧ ਸ਼ੁਰੂ ਕਰਨ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

***ਜੇ ਤੁਹਾਡੇ ਮਨ ਵਿੱਚ ਕੋਈ ਸਵਾਲ ਹੋਵੇ? ਕਿਰਪਾ ਕਰਕੇ ਸਿੱਖ ਕੋਲੀਸ਼ਨ ਦੀ ਲੀਗਲ ਟੀਮ (immigration@sikhcoalition.org) ਜਾਂ ਆਈਸੀਐਨਵਾਈ ਦੀ ਚੀਫ਼ ਕਾਊਂਸਲ, ਯੂਜੀਨ ਨੈਮ, (eugene@interfaithcenter.org) ਨਾਲ ਈ-ਮੇਲ ਰਾਹੀਂ ਸੰਪਰਕ ਕਰੋ।***